## ਡੀ.ਐੱਲ.ਐਡ ਪ੍ਰੀਖਿਆ (ਸਾਲ ਪਹਿਲਾ) - ਮਈ 2023

## ਪੇਪਰ: ਮਾਤ ਭਾਸ਼ਾ ਦੀ ਸਿੱਖਿਆ ਅਤੇ ਹੋਰ ਭਾਸ਼ਾਵਾਂ - ਸਕੂਲ ਦੇ ਅੰਦਰ ਅਤੇ ਬਾਹਰ (106)

**ਸਮਾਂ: 3 ਘੰਟੇ** **ਕੁੱਲ ਅੰਕ: 70**

### ਭਾਗ -ੳ

1. **ਸਾਰੇ ਪ੍ਰਸ਼ਨ ਜਰੂਰੀ ਹਨ।**

ੳ) ਪੰਜਾਬ ਰਾਜ ਭਾਸ਼ਾ ਐਕਟ ਕਦੋਂ ਲਾਗੂ ਹੋਇਆ?
ਅ) ਭਾਸ਼ਾ ਦੇ ਸ਼ਾਬਦਿਕ ਅਰਥ ਦੱਸੋ?
ੲ) ਬੀ.ਐਫ.ਸਕਿਨਰ ਕਿਸ ਪਰਿਪੇਖ ਦਾ ਮਨੋਵਿਗਿਆਨੀ ਹੈ?
ਸ) ਦੋ ਸ੍ਰਵ ਸਾਧਨਾਂ ਦੇ ਨਾਮ ਦੱਸੋ।
ਹ) ਤਖਸ਼ੀਸ਼ੀ ਸ਼ਬਦ ਦਾ ਕੀ ਅਰਥ ਹੁੰਦਾ ਹੈ? 5x 1=5

### ਭਾਗ- ਅ

2. **ਕੋਈ ਪੰਜ ਪ੍ਰਸ਼ਨ ਕਰੋ।**

ੳ) ਭਾਸ਼ਾ ਦੀ ਉੱਤਪਤੀ ਦੇ ਦੇਵੀ ਸਿਧਾਂਤ ਦੀ ਵਿਆਖਿਆ ਕਰੋ।
ਅ) ਰੂਪ ਵਿਗਿਆਨ ਤੋਂ ਕੀ ਭਾਵ ਹੈ? ਸਪੱਸ਼ਟ ਕਰੋ।
ੲ) ਚੋਮਸਕੀ ਦੇ ਜਨਮਜਾਤੀ ਪਰਿਪੇਖ ਤੇ ਸੰਖੇਪ ਨੋਟ ਲਿਖੋ।
ਸ) ਭਾਸ਼ਾ ਪਾਠਕ੍ਰਮ ਦੀ ਮਹੱਤਤਾ ਦੱਸੋ?
ਹ) ਵਸਤੂਨਿਸ਼ਠ ਪ੍ਰੀਖਿਆ ਦੀਆਂ ਤਿੰਨ ਤਰੁੱਟੀਆਂ ਦਸੋ।
ਕ) ਭਾਸ਼ਾ ਸਿੱਖਿਆ ਵਾਸਤੇ ਦੇਖਣ ਅਤੇ ਸੁਣਨ ਵਾਲੇ ਸਾਧਨਾਂ ਦੀ ਵਰਤੋਂ ਦੀਆਂ ਤਿੰਨ ਲੋੜਾਂ ਬਿਆਨ ਕਰੋ।
5x3=15

### ਭਾਗ-ੲ

**ਸਾਰੇ ਪ੍ਰਸ਼ਨ ਜਰੂਰੀ ਹਨ।**

3. ਮਾਤ ਭਾਸ਼ਾ ਦੀ ਪ੍ਰੀਭਾਸ਼ਾ ਦੱਸੋ।ਇਸ ਦਾ ਮਹੱਤਵ ਵਿਸਥਾਰ ਵਿੱਚ ਲਿਖੋ। 2+8=10

ਜਾਂ

ਭਾਸ਼ਾ ਸਿੱਖਿਆ ਵਿੱਚ ਸਹਾਇਕ ਹੋਣ ਵਾਲੇ ਸਿਖਿਆ ਸੂਤਰ ਵਿਸਥਾਰ ਸਹਿਤ ਲਿਖੋ। 10

4. ਭਾਸ਼ਾ ਅਤੇ ਸਮਾਜ ਦਾ ਕੀ ਸੰਬੰਧ ਹੈ?ਭਾਸ਼ਾ ਪ੍ਰਤੀ ਸਮਾਜ ਵਿੱਚ ਭੇਦਭਾਵ ਦੇ ਕਾਰਨ ਅਤੇ ਉਪਾਅ ਦੱਸੋ।
3+7=10

ਜਾਂ

ਬਹੁ-ਭਾਸ਼ਾਈ ਸਿੱਖਿਆ ਤੋਂ ਕੀ ਭਾਵ ਹੈ? ਭਾਰਤੀ ਰਾਜਾਂ ਵਿੱਚ ਬਹੁ-ਭਾਸ਼ਾਈ ਸਿੱਖਿਆ ਦੀ ਸਥਿਤੀ ਬਿਆਨ ਕਰੋ। 10

5. ਸਕੂਲ ਤੋਂ ਪਹਿਲਾਂ ਵਾਲੇ ਵਰ੍ਹਿਆਂ ਦੌਰਾਨ ਛੋਟੇ ਬੱਚੇ ਦੇ ਮਾਤ ਭਾਸ਼ਾ ਦੇ ਵਿਕਾਸ ਵਿੱਚ ਕਿਹੜੀਆਂ ਪ੍ਰਕ੍ਰਿਆਵਾਂ ਪ੍ਰਯੋਗ ਕੀਤੀਆਂ ਜਾ ਸਕਦੀਆਂ ਹਨ? ਉਦਾਹਰਣ ਸਹਿਤ ਉੱਤਰ ਦਿਓ। 10

ਜਾਂ

ਦੂਸਰੀ ਭਾਸ਼ਾ ਦੇ ਪ੍ਰਸੰਗ ਵਿੱਚ ਭਾਸ਼ਾ ਸਿੱਖਣ ਦੀ ਪ੍ਰਕ੍ਰਿਆ ਵਿਸਥਾਰ ਵਿੱਚ ਲਿਖੋ। 10

6. ਬਾਲ ਸਾਹਿਤ ਦੇ ਪੱਛੜੇਪਣ ਦੇ ਕਾਰਨ ਅਤੇ ਪੱਛੜੇਪਣ ਨੂੰ ਦੂਰ ਕਰਨ ਲਈ ਸੁਝਾਅ ਦਿਓ।

ਜਾਂ

ਭਾਸ਼ਾ ਸਿੱਖਿਆ ਲਈ ਪੁਸਤਕਾਲੇ ਦੀ ਲੋੜ ਅਤੇ ਮਹੱਤਤਾ ਵਿਸਥਾਰ ਵਿੱਚ ਲਿਖੋ। 10

7. ਮੁਲਾਂਕਣ ਦੀ ਆਧੁਨਿਕ ਧਾਰਨਾ ਸਪੱਸ਼ਟ ਕਰੋ। ਪੰਜਾਬੀ ਦੀ ਵਰਤਮਾਨ ਮੁਲਾਂਕਣ ਪ੍ਰਣਾਲੀ ਦੇ ਦੋਸ਼ ਦੱਸੋ।

ਜਾਂ

ਪੰਜਾਬੀ ਅਧਿਆਪਨ ਦੀਆਂ ਵੱਖ-ਵੱਖ ਉਪਚਾਰੀ ਵਿਧੀਆਂ ਕਿਹੜੀਆਂ ਹਨ? ਵਰਨਣ ਕਰੋ। 10